ਵਲੋਂ,

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ,

ਮੋਹਾਲੀ ।

ਵੱਲ

ਸਮੂਹ ਕੇਂਦਰ ਸੁਪਰਡੰਟ / ਕੇਂਦਰ ਕੰਟਰੋਲਰ ,

**ਨੰ:- ਪਸਸਬ-ਸ.ਸ(ਗੁਪਤ)2024/----285----** **ਮਿਤੀ: --27-06-24--**

**ਵਿਸ਼ਾ:- ਅੱਠਵੀਂ, ਦਸਵੀਂ ਅਤੇ ਬਾਰਵੀਂ ਅਨੁਪੂਰਕ ਪ੍ਰੀਖਿਆ ਜੁਲਾਈ-2024 ਲਈ ਹੱਲ ਹੋਈਆ ਉੱਤਰ ਪੱਤਰੀਆਂ ਦੇ ਪੈਕਟ ਇੱਕਤਰ ਕੇਂਦਰ ਵਿਖੇ ਜਮ੍ਹਾ ਕਰਵਾਉਣ ਸਬੰਧੀ ।**

ਵਿਸ਼ੇ ਅਧੀਨ ਪ੍ਰੀਖਿਆਵਾਂ ਮਿਤੀ 04-07-2024 ਤੋਂ ਕਰਵਾਈਆ ਜਾ ਰਹੀਆਂ ਹਨ । ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਹੇਠ ਲਿਖੇ ਇੱਕਤਰ ਕੇਂਦਰਾਂ ਤੇ ਜਮ੍ਹਾਂ ਕਰਵਾਏ ਜਾਣੇ ਹਨ। ਸਮੂਹ ਕੇਂਦਰ ਕੰਟਰੋਲਰ ਸਾਹਿਬਾਨ / ਨੁਮਾਂਇਦਾ ਆਪਣੇ ਅਧੀਨ ਪ੍ਰੀਖਿਆ ਕੇਂਦਰਾਂ ਦੀਆਂ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਪ੍ਰੀਖਿਆ ਵਾਲੇ ਦਿਨ ਹੀ ਪ੍ਰੀਖਿਆ ਸਮਾਪਤ ਹੋਣ ਤੋਂ ਤੁਰੰਤ ਬਾਅਦ ਹੇਠ ਦਰਜ਼ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਮਾਂ ਕਰਵਾਉਣਗੇ :-

01:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ,ਅੰਮ੍ਰਿਤਸਰ ।

02:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਬਠਿੰਡਾ ।

03 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਬਰਨਾਲਾ ।

04 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਸ੍ਰੀ ਫਤਿਹਗੜ੍ਹ ਸਾਹਿਬ ।

05 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਫਰੀਦਕੋਟ ।

06 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਫਿਰੋਜਪੁਰ ।

07 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਫਾਜ਼ਿਲਕਾ ।

08 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਗੁਰਦਾਸਪੁਰ ।

09 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਹੁਸ਼ਿਆਰਪੁਰ ।

10 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਜਲੰਧਰ ।

11 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਕਪੂਰਥਲਾ ।

12 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਲੁਧਿਆਣਾ ।

13 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਮੋਗਾ ।

14 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਸ੍ਰੀ ਮੁਕਤਸਰ ਸਾਹਿਬ ।

15 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਮਾਨਸਾ ।

16 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਬੀ.ਐਸ.ਨਗਰ ।

17 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਪਟਿਆਲਾ ।

18 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਪਠਾਨਕੋਟ ।

19 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਰੂਪਨਗਰ ।

20:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਸੰਗਰੂਰ ।

21:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਤਰਨਤਾਰਨ ।

22:- **ਖੇਤਰੀ ਦਫਤਰ** ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ।

( ਹਦਾਇਤਾਂ)

**1.ਇਸ ਗੱਲ ਦਾ ਵੀ ਵਿਸ਼ੇਸ਼ ਤੋਰ ਤੇ ਧਿਆਨ ਰੱਖਿਆ ਜਾਵੇ ਕਿ ਬੋਰਡ ਦਫਤਰ ਵੱਲੋ ਜਾਰੀ ਉੱਤਰ ਪੱਤਰੀਆਂ ਹੀ ਵਰਤੀਆ ਜਾਣ । ਕਿਸੇ ਵੀ ਹਾਲਤ ਵਿੱਚ ਪ੍ਰਾਈਵੇਟ / ਸਕੂਲ ਵੱਲੋ ਜਾਰੀ (ਸਾਧਾਰਨ) ਉੱਤਰ ਪੱਤਰੀਆਂ ਦੀ ਵਰਤੋ ਨਾ ਕੀਤੀ ਜਾਵੇ ਜੀ ।**

2 . ਇਹ ਯਕੀਨੀ ਬਣਾਇਆਂ ਜਾਵੇ ਕਿ ਹਰੇਕ ਵਿਸ਼ੇ/ਸ਼੍ਰੇਣੀ ਲਈ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਵੱਖਰੇ-ਵੱਖਰੇ ਪੈਕਟ ਤਿਆਰ ਕੀਤੇ ਜਾਣ । ਹੱਲ ਹੋਈਆਂ ਉੱਤਰ ਪੱਤਰੀਆਂ ਦੇ ਪੈਕਟ ਦੇ ਬਾਹਰ ਕੇਂਦਰ ਦਾ ਨਾਂ, ਵਿਸ਼ਾ,ਪ੍ਰੀਖਿਆਰਥੀਆਂ ਦੀ ਗਿਣਤੀ, ਕੇਂਦਰ ਕੋਡ, ਸ਼੍ਰੇਣੀ, ਮਿਤੀ, ਜਿਲ੍ਹਾ ਆਦਿ ਸਾਫ ਅਤੇ ਸਪੱਸ਼ਟ ਅੱਖਰਾਂ ਵਿੱਚ ਲਿਖਿਆ ਜਾਵੇ । ਮੀਮੋ ਤੇ ਸਾਫ-ਸਾਫ ਦਰਜ ਕੀਤਾ ਜਾਵੇ ਕਿ **"ਇਸ ਪ੍ਰੀਖਿਆ ਕੇਂਦਰ ਵਿੱਚ ਇਸ ਵਿਸ਼ੇ ਨਾਲ ਸਬੰਧਤ ਕੋਈ ਵੀ ਹੱਲ ਹੋਈ ਉੱਤਰ ਪੱਤਰੀ/ ਪੈਕਟ ਬਕਾਇਆ ਨਹੀ ਹੈ"** । ਮੀਮੋ ਦੀਆ ਦੋ ਕਾਪੀਆਂ ਹੱਲ ਹੋਈਆਂ ਉਤੱਰ ਪੱਤਰੀਆਂ ਦੇ ਪੈਕਟ ਵਿੱਚ ਰੱਖੀਆ ਜਾਣ ।

3. ਹੱਲ ਹੋਈਆਂ ਉਤੱਰ ਪੱਤਰੀਆਂ ਦੇ ਸੀਲ ਬੰਦ ਪੈਕਟ ਕੇਂਦਰ ਕੰਟਰੋਲਰ / ਨੁਮਾਂਇਦੇ ਵੱਲੋ ਹੀ ਸਮੇਂ ਸਿਰ ਨਿਰਧਾਰਿਤ ਇੱਕਤਰ ਕੇਂਦਰ ਤੇ ਜਮ੍ਹਾਂ ਕਰਵਾਏ ਜਾਂਣਗੇ । ਜੇਕਰ ਉਤੱਰ ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਉਣ ਵਿੱਚ ਦੇਰੀ ਹੋ ਜਾਂਦੀ ਹੈ ਤਾਂ ਇਸ ਸਬੰਧੀ ਨੋਡਲ ਅਫਸਰ/ ਇਚਾਰਜ ਇੱਕਤਰ ਕੇਂਦਰ ਅਤੇ ਨਿਮਨ-ਹਸਤਾਖਰੀ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਕੇਂਦਰ ਕੰਟਰੋਲਰ / ਨੁਮਾਂਇਦਾ ਆਪਣੇ ਸਪਸ਼ਟੀਕਰਨ ਸਮੇਤ ਇਹ ਪੈਕਟ ਕੰਟਰੋਲਰ ਪ੍ਰੀਖਿਆਵਾਂ ਜੀ/ਸਕੱਤਰ ਜੀ ਦੇ ਸਨਮੁੱਖ ਪੇਸ਼ ਹੋ ਕੇ ਬੋਰਡ ਦੇ ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਏਗਾ ।

**4. ਹੱਲ ਹੋਈ ਕੋਈ ਵੀ ਉੱਤਰ ਪੱਤਰੀ ਲਾਸਟ ਪੈਕਟ ਵਿੱਚ ਪਾ ਕੇ ਨਾ ਭੇਜੀ ਜਾਵੇ, ਅਜਿਹਾ ਕਰਨ ਦੀ ਸੂਰਤ ਵਿੱਚ ਸਮੁੱਚੀ ਜਿਮੇਵਾਰੀ ਕੇਂਦਰ ਸੁਪਰਡੰਟ ਦੀ ਹੋਵੇਗੀ।**

5 ਯੂ.ਐਮ.ਸੀ ਕੇਸਾਂ ਨਾਲ ਸਬੰਧਤ ਉਤੱਰ ਪੱਤਰੀਆਂ ਦੇ ਸੀਲ ਬੰਦ ਪੈਕਟ ਵੱਖਰੇ ਤੌਰ ਤੇ ਇੱਕਤਰ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ ।

6. ਅੱਠਵੀਂ, ਦਸਵੀਂ ਅਤੇ ਬਾਰਵੀਂ ਦੀਆਂ ਸਾਰੀਆ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸ਼੍ਰੇਣੀ ਵਾਈਜ਼ ਅਤੇ ਵਿਸ਼ੇ ਵਾਈਜ਼ ਵੱਖ-ਵੱਖ ਸੀਲ ਬੰਦ ਪੈਕਟ ਇੱਕਤਰ ਕੇਂਦਰ ਵਿਖੇ ਜਮ੍ਹਾਂ ਕਰਵਾਏ ਜਾਂਣ ।

7.ਜੇਕਰ ਕਿਸੇ ਵਿਸ਼ੇ ਵਿੱਚ ਕੋਈ ਵੀ ਪ੍ਰੀਖਿਆਰਥੀ ਹਾਜ਼ਰ ਨਹੀ ਹੁੰਦਾ ਤਾਂ ਨਿਲ ਦਾ ਮੀਮੋਂ ਬਣਾ ਕੇ ਭੇਜਿਆ ਜਾਵੇ ।

ਸਹਾਇਕ ਸਕੱਤਰ ( ਗੁਪਤ)

ਵਾ: ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ।